ਡਿਜੀਟਲ ਦੋਮਾਹੀ ਪੱਤਰ ਅੰਕ : 1, ਨੰ: 7 (ਜੁਲਾਈ - ਅਗਸਤ, 2021)

www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

Vol 1, No 7, (July-August, 2021) 'PASHU PALAN SUNEHE' ਅੰਕ 1, ਨੰ 7 (ਜੁਲਾਈ - ਅਗਸਤ, 2021)

**ਸੰਪਾਦਕੀ ਬੋਰਡ**

**ਚੇਅਰਮੈਨ :**
ਡਾ. ਪ੍ਰਕਾਸ਼ ਸਿੰਘ ਬਰਾੜ
ਨਿਰਦੇਸ਼ਕ ਪਸਾਰ ਸਿੱਖਿਆ


**ਮੈਂਬਰ :**
ਡਾ. ਸੁਰੇਸ਼ ਕੁਮਾਰ ਕਾਂਸ਼ਲ
ਡਾ. ਮੀਰਾ ਡੀ ਆਂਸਲ
ਡਾ. ਪ੍ਰਲਾਦ ਸਿੰਘ ਤਨਵਰ
ਡਾ. ਐੱਸ ਸ਼ਿਵਾ ਕੁਮਾਰ

**ਸੰਪਾਦਕ :**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ
ਡਾ. ਹਰਪ੍ਰੀਤ ਸਿੰਘ

**ਸੰਪਰਕ :**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼, ਯੂਨੀਵਰਸਿਟੀ ਲੁਧਿਆਣਾ
0161-2553364
deegadvasuldh@gmail.com

Visit & Subscribe - youTube channel :
gadvasu farmer friendly e-extension

ਵਿਗਿਆਨਕ ਪਸ਼ੂ ਪਾਲਣ ਦੇ ਮੈਂਬਰ ਬਣੋ




## ਲਵੇਰੀਆਂ ਦੇ ਬੈਠਣ ਜਾਂ ਖੜਨ ਦੇ ਤਰੀਕੇ ਤੋਂ ਬਿਮਾਰੀ ਦੀ ਪਹਿਚਾਨ ਕਰਨਾ

| ਲੜੀ ਨੰ. | ਖੜਨ ਜਾਂ ਬੈਠਣ ਦਾ ਤਰੀਕਾ | ਅੰਦਾਜਨ ਬਿਮਾਰੀ |
|---|---|---|
| 1 | ਲਵੇਰੀ ਦਾ ਛਾਤੀ ਦੇ ਬਲ ਬੈਠਣਾ ਅਤੇ ਸਿਰ ਨੂੰ ਮੋੜ ਕੇ ਕੁੱਖ ਉੱਪਰ ਟਿਕਾ ਕੇ ਬੈਠਣਾ | ਸੂਤਕੀ ਬੁਖ਼ਾਰ (Milk Fever) |
| 2 | ਅਗਲੀਆਂ ਲੱਤਾਂ ਬਾਹਰ ਨੂੰ ਕੱਢ ਕੇ ਖੜਨਾਂ; ਸਿਰ ਅਗਾਂਹ ਨੂੰ ਕਰਕੇ ਅਤੇ ਮੂੰਹ ਅੱਡ ਕੇ ਸਾਂਹ ਲੈਣਾ | ਨਿਮੋਨੀਆਂ (Pneumonia) |
| 3 | ਵੱਖੀਆਂ ਅਤੇ ਢਿੱਡ ਹੇਠਾਂ ਤੋਂ ਤਣਿਆ ਹੋਇਆਂ ਅਤੇ ਪਿੱਠ ਊਂਠ ਦੀ ਤਰਾਂ ਉਤਾਂਹ ਨੂੰ ਚੁੱਕ ਕੇ ਖੜਨਾ | ਪੇਟ ਦੀ ਅੰਦਰਲੀ ਝਿੱਲੀ ਦੀ ਸੋਜ (Peritonitis) |
| 4 | ਲ਼ੱਤਾਂ, ਗਰਦਨ ਅਕੜਾ ਕੇ ਖੜਨਾ; ਕੰਨ ਅਤੇ ਜਬਾੜਿਆਂ ਵਿਚ ਤਨਾਅ | ਧੁਣਖਵਾਂ (Tetanus) |
| 5 | ਅਗਲੀਆਂ ਲੱਤਾਂ ਕਾਟੀ ਪਾ ਕੇ ਖੱੜਨਾਂ ਜਾਂ ਅਗਲੀ ਇੱਕ ਲੱਤ ਖੁਰਲੀ ਵਿਚ ਰੱਖ ਕੇ ਪੱਠੇ ਖਾਣਾ ਜਾਂ ਗੁਮਚੀਆਂ ਮੋੜ ਕੇ ਖੜਨਾ | ਖੂਨ ਵਿਚ ਮੈਗਨੀਸ਼ੀਅਮ ਦੀ ਕਮੀ (Hypomagnesemia) |
| 6 | ਸੰਗਲ ਇੱਕ ਪਾਸੇ ਨੂੰ ਖਿੱਚ ਕੇ ਖੜਨਾਂ | ਸ਼ਰਾ (Surra) |
| 7 | ਸਿਰ ਨੂੰ ਟੇਢਾ ਰੱਖਣਾ | ਦਿਮਾਗੀ ਸੋਜ (Encephalitis) |
| 8 | ਪੂਰਾ ਖੁਰ ਬਗੈਰ ਧਰਤੀ ਤੇ ਲਗਾਏ ਖੜਨਾ | ਲ਼ੱਤ ਵਿਚ ਦਰਦ (Limb pain) |
| 9 | ਕਿੱਲ ਕੇ ਅਤੇ ਕੁੱਬੇ ਹੋ ਕੇ ਗੋਹਾ ਕਰਨਾ | ਅੰਤੜੀਆਂ ਵਿਚ ਬੰਨ (Intestinal Impaction) |
| 10 | ਪੂੰਛ ਉਤਾਂਹ ਨੂੰ ਚੁੱਕ ਕੇ ਗੋਹਾ ਕਰਨਾ ਅਤੇ ਨਾਲ ਹੀ ਅੜਿਗਣਾਂ | ਢਿੱਡ ਦੇ ਤੀਸਰੇ ਹਿੱਸੇ ਵਿਚ ਬੰਨ (Omasal Impaction) |
| 11 | ਖੱਬੀ ਕੁੱਖ ਚੜੀ ਹੋਣਾ, ਹੱਥ ਮਾਰਨ ਤੇ ਢੋਲ ਦੀ ਤਰਾਂ ਆਵਾਜ ਆਉਣਾ | ਅਫਾਰਾ (Bloat) |
| 12 | ਖੜੇ ਖੜੇ ਕਿਸੇ ਇੱਕ ਲੱਤ ਨੂੰ ਝੰਜੋੜਨਾ | ਮੂੰਹ-ਖੁਰ (FMD) |

# ਲਵੇਰੀਆਂ ਦੀ ਤੋਰ ਤੋਂ ਬਿਮਾਰੀ ਦੀ ਪਹਿਚਾਨ ਕਰਨਾ

| ਲੜੀ ਨੰ. | ਤੁਰਨ ਦਾ ਤਰੀਕਾ | ਅੰਦਾਜਨ ਬਿਮਾਰੀ |
|---|---|---|
| 1 | ਲਵੇਰੀ ਦਾ ਤੁਰਨ ਲਈ ਨਾਂਹ ਕਰਨਾ | ਖੁਰਾਂ ਵਿਚ ਸੋਜ (Laminitis) |
| 2 | ਲੱਤਾਂ ਅਕੜਾ ਕੇ ਚੱਲਣਾ | ਜੋੜਾਂ ਵਿਚ ਦਰਦ (Arthritis) |
| 3 | ਪਿਛਲੀ ਲੱਤ ਬਿਨਾਂ ਇਕੱਠੀ ਕੀਤੇ ਬਾਹਰ ਵੱਲ ਨੂੰ ਕੱਢ ਕੇ ਤੁਰਨਾ | ਸ਼ਰਨ (Stringhalt) |
| 4 | ਖੁਚਾਂ ਜਾਂ ਗੋਡਿਆਂ ਭਾਰ ਚੱਲਣਾਂ; ਲੜਖੜਾ ਕੇ ਤੁਰਨਾ | ਮੈਗਨੀਸ਼ੀਅਮ ਦੀ ਕਮੀ (Hypomagnesemia) |
| 5 | ਅੰਨੇ ਪਸ਼ੂ ਦੀ ਤਰ੍ਹਾਂ ਤੁਰਨਾਂ, ਇੱਕੋ ਜਗ੍ਹਾ ਘੁੰਮੀ ਜਾਣਾ | ਸ਼ਰਾ (Surra) |

ਰਾਕੇਸ਼ ਕੁਮਾਰ ਸ਼ਰਮਾਂ

# ਕੁਝ ਥਣ ਧਾਰੀ ਜੀਵ ਅੰਤੜੀਆਂ ਦੀ ਵਰਤੋਂ ਕਰਕੇ ਵੀ ਸਾਹ ਲੈ ਸਕਦੇ ਹਨ

ਥਣਧਾਰੀ ਜੀਵਾਂ ਦੇ ਅਧਿਐਨ ਤੋਂ ਪਤਾ ਚਲਿਆ ਹੈ ਕਿ ਇਨ੍ਹਾਂ ਵਿੱਚੋਂ ਕੁਝ ਜੀਵ, ਜਿਵੇਂ ਚੂਹਿਆਂ ਅਤੇ ਸੂਰਾਂ ਵਿੱਚ, ਅੰਤੜੀਆਂ ਨਾਲਸਾਹ ਲੈਣ ਦੀ ਯੋਗਤਾ ਹੈ। ਇਹ ਥਣਧਾਰੀ ਜੀਵ ਆਂਦਰਾਂ ਦੀ ਵਰਤੋਂ ਕਰਕੇ ਸਾਹ ਲੈ ਸਕਦੇ ਹਨ। ਅੱਜ ਕੱਲ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਇੰਨ੍ਹੀਂ ਦਿਨੀਂ ਕੋਵਿਡ-19 ਦੇ ਮਰੀਜ਼ਾਂ ਵਿੱਚ ਆਕਸੀਜਨ ਦੀ ਘਾਟ ਹੈ। ਇਸ ਕਾਰਨ ਬਹੁਤ ਸਾਰੇ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਇਸ ਦੌਰਾਨ, ਇੱਕ ਵਿਲੱਖਣ ਖੋਜ ਤੋਂ ਪਤਾ ਚੱਲਿਆ ਹੈ ਕਿ ਕੁਝ ਥਣਧਾਰੀ ਜਾਨਵਰ ਨਾਸਾਂ ਦੁਆਰਾ ਹੀ ਨਹੀਂ, ਬਲਕਿ ਆਂਦਰਾਂ ਨਾਲ ਵੀ ਸਾਹ ਲੈ ਕੇ ਆਕਸੀਜਨ ਲੈ ਸਕਦੇ ਹਨ।

ਇਸ ਅਧਿਐਨ ਦੇ ਨਤੀਜੇ ਮੈਡ ਜਨਰਲ ਵਿੱਚ ਪ੍ਰਕਾਸ਼ਤ ਕੀਤੇ ਗਏ ਹਨ। ਇਸ ਦੇ ਅਨੁਸਾਰ, ਸਾਹ ਲਈ ਪਾਣੀ ਦੇ ਕੁੱਝ ਜਾਨਵਰਾਂ ਦੀ, ਕੁਤਰਨ ਵਾਲੇ ਜੀਵ ਅਤੇ ਸੂਰਵੀ ਅੰਤੜੀਆਂ ਦੀ ਵਰਤੋਂ ਕਰਨ ਦੇ ਯੋਗ ਹਨ। ਖੋਜਕਰਤਾਵਾਂ ਨੇ ਦਿਖਾਇਆ ਹੈ ਕਿ ਇਹ ਦੋ ਥਣਧਾਰੀ ਜੀਵ, ਜਿਨ੍ਹਾਂ ਦੀ ਸਾਹ ਪ੍ਰਣਾਲੀ ਅਸਫਲ ਹੋ ਜਾਂਦੀ ਹੈ, ਗੁਦਾ ਦੇ ਜ਼ਰੀਏ ਆਕਸੀਜਨ ਗੈਸ ਜਾਂ ਤਰਲ ਆਕਸੀਜਨ ਨੂੰ ਵਰਤਣ ਵਿੱਚ ਸਫਲ ਰਹੇ ਹਨ।

ਇਸ ਅਧਿਐਨ ਦੇ ਸੀਨੀਅਰ ਲੇਖਕ ਟੋਕਿਓ ਮੈਡੀਕਲ ਅਤੇ ਡੈਂਟਲ ਯੂਨੀਵਰਸਿਟੀ ਅਤੇ ਸਿਨਸਿਨਾਟੀ ਚਿਲਨਜ਼ ਹਸਪਤਾਲ ਮੈਡੀਕਲ ਸੈਂਟਰ ਦੇ ਟਕਨੋਰੀਟਕਾਬੇ ਦਾ ਕਹਿਣਾ ਹੈ ਕਿ ਨਮੂਨੀਆ ਜਾਂ ਐਕਉਟ ਸਾਹ ਪ੍ਰੇਸ਼ਾਨੀ ਸਿੰਡਰੋਮ ਵਰਗੀਆਂ ਗੰਭੀਰ ਬਿਮਾਰੀਆਂ ਵਿੱਚ ਸਾਹ ਪ੍ਰਣਾਲੀ ਦੀ ਅਸਫਲਤਾ ਸਮੇਂ ਨਕਲੀ ਸਾਹ ਦੇ ਮੈਡੀਕਲ ਪ੍ਰਬੰਧਨ ਵਿੱਚ ਮਹੱਤਵਪੂਰਣ ਭੂਮਿਕਾ ਹੁੰਦੀ ਹੈ। ਹਾਲਾਂਕਿ ਮਨੁੱਖਾਂ ਲਈ ਇਸਦੇ ਮਾੜੇ ਪ੍ਰਭਾਵਾਂ ਅਤੇ ਸੁਰੱਖਿਆ ਦਾ ਮੁਲਾਂਕਣ ਕਰਨਾ ਜ਼ਰੂਰੀ ਹੈ, ਇਹ ਜਾਂਚ ਸਾਹ ਦੀ ਅਸਫਲਤਾ ਤੋਂ ਪੀੜਤ ਮਰੀਜ਼ਾਂ ਲਈ ਇੱਕ ਨਵਾਂ ਪਹਿਲੂ ਬਣਾ ਸਕਦੀ ਹੈ।

ਮਹੱਤਵਪੂਰਣ ਗੱਲ ਇਹ ਹੈ ਕਿ ਸਾਰੇ ਸਮੁੰਦਰੀ ਥਨਧਾਰੀ ਪਸ਼ੂਆਂ ਨੇ ਅੰਤੜੀਆਂ ਦੇ ਰਾਹੀਂ ਸਾਹ ਲੈਣ ਦੀ ਪ੍ਰਣਾਲੀ ਵਿਕਸਿਤ ਕੀਤੀ ਹੈ, ਜਿਸ ਨਾਲ ਉਹ ਪਾਣੀ ਦੇ ਹੇਠਲੀਆਂ ਘੱਟ ਆਕਸੀਜਨ ਹਾਲਤਾਂ ਵਿੱਚ ਗਿਲਜ ਜਾਂ ਫੇਫੜਿਆਂ ਤੋਂ ਇਲਾਵਾ ਵੀ ਸਾਹ ਲੈਣ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਵਿੱਚ, ਤਾਜ਼ੇ ਪਾਣੀ ਦੀਆਂ ਮੱਛੀਆਂ, ਕੈਟਫਿਸ਼ਸ, ਸਮੁੰਦਰੀ ਕੁਕੁਮਬਰ ਆਦਿ ਸਾਹ ਲੈਣ ਲਈ ਆਪਣੀਆਂ ਅੰਤੜੀਆਂ ਦੀ ਵਰਤੋਂ ਕਰਦੇ ਹਨ। ਪਰ ਇਹ ਹੁਣ ਤੱਕ ਦਾ ਬਹੁਤ ਵਿਵਾਦਪੂਰਨ ਵਿਸ਼ਾ ਸੀ ਕਿ ਕੀ ਅਜਿਹੀ ਕਾਬਲੀਅਤ ਥਣਧਾਰੀ ਜਾਨਵਰਾਂ ਵਿੱਚ ਵੀ ਮੌਜੂਦ ਹੈ।

ਟਕਾਵੇ ਅਤੇ ਉਸ ਦੇ ਸਾਥੀਆਂ ਨੇ ਚੂਹਿਆਂ ਅਤੇ ਸੂਰਾਂ ਵਿੱਚ ਅੰਤੜੀਆਂ ਵਿੱਚ ਸਾਹ ਲੈਣ ਦੀ ਯੋਗਤਾ ਦੇ ਸਬੂਤ ਇਕੱਠੇ ਕੀਤੇ ਹਨ। ਪਹਿਲਾਂ, ਉਸਨੇ ਚੂਹਿਆਂ ਦੇ ਗੁਦਾ ਦੁਆਰਾ ਸ਼ੁੱਧ ਆਕਸੀਜਨ ਪਹੁੰਚਾਉਣ ਲਈ ਆਂਦਰਾਂ ਦੀ ਗੈਸ ਵੈਂਟੀਲੇਸ਼ਨ ਪ੍ਰਣਾਲੀ ਬਣਾਈ। ਖੋਜਕਰਤਾਵਾਂ ਨੇ ਦਿਖਾਇਆ ਕਿ ਇਸ ਪ੍ਰਣਾਲੀ ਤੋਂ ਬਿਨਾਂ ਕੋਈ ਵੀ ਚੂਹਾ ਘੱਟ ਆਕਸੀਜਨ ਦੇ ਬਹੁਤ ਹੀ ਗੰਭੀਰ ਹਾਲਤਾਂ ਵਿੱਚ ਨਹੀਂ ਬਚ ਸਕਿਆ, ਪਰ ਅੰਤੜੀਆਂ ਦੇ ਗੈਸ ਵੈਂਟੀਲੇਸ਼ਨ ਰਾਹੀਂ ਵੱਧ ਆਕਸੀਜਨ ਦਿਲ ਤਕ ਪਹੁੰਚ ਗਈ, ਅਤੇ 75 ਪ੍ਰਤੀਸ਼ਤ ਚੂਹੇ 50 ਮਿੰਟ ਤੱਕ ਬਚੇ ਰਹੇ।

ਖੋਜਕਰਤਾਵਾਂ ਨੇ ਆਕਸੀਜਨ ਵਾਲੇ ਪਰਫੂਰੋਕੈਮੀਕਲ ਦੀ ਵਰਤੋਂ ਕਰਦਿਆਂ ਗੈਸ ਵੈਂਟੀਲੇਸ਼ਨ ਸਿਸਟਮ ਦਾ ਇੱਕ ਤਰਲ ਆਕਸੀਜਨ ਅਧਾਰਤ ਵਿਕਲਪ ਵੀ ਬਣਾਇਆ ਹੈ। ਇਹ ਰਸਾਇਣ ਪਹਿਲਾਂ ਹੀ ਮਨੁੱਖਾਂ ਲਈ ਕਲੀਨਿਕਲ ਤੌਰ ਤੇ ਸੁਰੱਖਿਅਤ ਪਾਏ ਗਏ ਹਨ।

ਆਂਦਰਾਂ ਲਈ ਤਰਲ ਵੈਂਟੀਲੇਸ਼ਨ ਪ੍ਰਣਾਲੀਆਂ ਨੇ ਕੁਤਰਨ ਵਾਲੇ ਜੀਵਾਂ ਅਤੇ ਸੂਰਾਂ ਵਿੱਚ ਘੱਟ ਆਕਸੀਜਨ ਹਾਲਤਾਂ ਵਿੱਚ ਵੀ ਚੰਗਾ ਲਾਭ ਦਰਸਾਇਆ ਹੈ।

ਇਯ ਵੈਂਟੀਲੇਸ਼ਨ ਨਾਲ ਆਕਸੀਜਨ ਪ੍ਰਾਪਤ ਕਰਨ ਵਾਲੇ ਚੂਹੇ 10 ਪ੍ਰਤੀਸ਼ਤ ਵਾਲੇ ਆਕਸੀਜਨ ਚੈਂਬਰ ਵਿੱਚ ਲੰਮੇ ਸਮੇਂ ਲਈ ਰਹਿ ਸਕੇ। ਇਹੋ ਨਤੀਜੇ ਸੂਰਾਂ ਵਿੱਚ ਵੀ ਪਾਏ ਗਏ। ਇਸ ਅਧਿਐਨ ਦੇ ਨਤੀਜੇ ਦੱਸਦੇ ਹਨ ਕਿ ਇਹ ਪ੍ਰਣਾਲੀ ਥਣਧਾਰੀ ਜਾਨਵਰਾਂ ਵਿੰਚ ਅਸਫਲ ਹੋਏ ਸਾਹ ਪ੍ਰਣਾਲੀ ਸਮੇਂ ਵੀ ਆਕਸੀਜਨ ਦੇ ਪੱਧਰ ਨੂੰ ਵਧਾਉਣ ਵਿੱਚ ਲਾਭਦਾਇਕ ਹੋ ਸਕਦੀ ਹੈ। ਖੋਜਕਰਤਾ ਹੁਣ ਕੋਵਿਡ-19 ਦੇ ਮਰੀਜ਼ਾਂ ਲਈ ਇਸ ਦਾ ਇਲਾਜ ਤੋਂ ਪਹਿਲਾਂ ਇੱਕ ਪੂਰਵ-ਜਾਂਚ ਦੀ ਯੋਜਨਾ ਬਣਾ ਰਹੇ ਹਨ।

ਮਧੂ ਸ਼ੈਲੀ, ਪਸਾਰ ਵਿਗਿਆਨੀ, ਪੀ.ਏ.ਯੂ.ਲੁਧਿਆਣਾ

# ਭਾਰਤੀ ਨੀਲੀ ਕ੍ਰਾਂਤੀ– ਮੀਲ ਪੱਥਰ


- ਸੰਸਾਰ ਵਿੱਚ ਭਾਰਤ ਦਾ ਮੱਛੀ/ਜਲਜੀਵ ਉਤਪਾਦਨ ਵਿੱਚ ਸਥਾਨ – ਦੂਜਾ (2nd)
- ਕੁੱਲ ਮੱਛੀ/ਜਲਜੀਵ ਉਤਪਾਦਨ(2019–20)– 141.6 ਲੱਖਟਨ
- ਸਲਾਨਾ ਫਿਸ਼ਰੀਜ ਵਿਕਾਸ ਦਰ: 8% (ਕੇਵਲ ਮੱਛੀ ਪਾਲਣ – 10%)
- ਰੁਜ਼ਗਾਰ ਮੁਹੱਈਆ ਸਥਿਤੀ
  - ✓ 2.8 ਕਰੋੜ ਮਛੇਰੇ, ਮੱਛੀ ਫਾਰਮਰ, ਕਾਮੇ, ਵਿਕਰੇਤਾ ਆਦਿ ਸਿੱਧੇ ਪੱਧਰ ਤੇ (ਲਗਭਗ 45% ਔਰਤਾਂ)
  - ✓ 1.5 ਕਰੋੜ ਲੋਕਾਂ ਨੂੰ ਮੱਛੀ ਸਪਲਾਈ/ਮੁੱਲ ਲੜੀ ਵਿੱਚ ਅਸਿੱਧੇ ਪੱਧਰ ਤੇ
- ਚੋਟੀ ਦੇ 5 ਮੱਛੀ ਉਤਪਾਦਕ ਰਾਜ – ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ, ਗੁਜਰਾਤ, ਓਡੀਸ਼ਾ ਅਤੇ ਤਮਿਲਨਾਡੂ
- ਮੱਛੀ ਖਪਤਕਾਰ ਆਬਾਦੀ–60%
- ਚੋਟੀ ਦੇ 5 ਮੱਛੀ ਖਪਤਕਾਰ ਰਾਜ– ਤ੍ਰਿਪੁਰਾ, ਕੇਰਲ, ਮਨੀਪੁਰ, ਓਡੀਸ਼ਾ ਅਤੇ ਅਸਾਮ
- ਰਾਜਾਂ ਵਿੱਚ ਪ੍ਰਤੀ ਵਿਅਕਤੀ ਸਲਾਨਾ ਮੱਛੀ ਖਪਤ ਸੀਮਾ–0.01 (ਰਾਜਸਥਾਨ) ਤੋਂ 29.29 (ਤ੍ਰਿਪੁਰਾ) ਕਿਲੋਗ੍ਰਾਮ
- ਰਾਸ਼ਟਰੀ ਔਸਤ ਪ੍ਰਤੀ ਵਿਅਕਤੀ ਸਲਾਨਾ ਮੱਛੀ ਖਪਤ– 8 ਕਿਲੋਗ੍ਰਾਮ
- ਸਭ ਤੋਂ ਵੱਧ ਪ੍ਰਤੀ ਵਿਅਕਤੀ ਸਲਾਨਾ ਮੱਛੀ ਖਪਤ– ਅੰਡੇਮਾਨ ਅਤੇ ਨਿਕੋਬਾਰ ਟਾਪੂ 59.47 ਕਿਲੋਗ੍ਰਾਮ
- ਕੁੱਲ ਮੱਛੀ/ਮੱਛੀ ਉਤਪਾਦ ਨਿਰਯਾਤ(2019–20)–12.89 ਲੱਖ ਟਨ
- ਦੇਸ਼ ਦੇ ਕੁੱਲ ਖੇਤੀਬਾੜੀ ਨਿਰਯਾਤ ਵਿੱਚ ਫਿਸ਼ਰੀਜ ਦਾ ਹਿੱਸਾ(2019–20)– 17%
- ਰਾਸ਼ਟਰੀ ਖੇਤੀਬਾੜੀ GDP ਵਿੱਚ ਫਿਸ਼ਰੀਜ ਦਾ ਹਿੱਸਾ(2019–20) – 7.28%
- ਫਿਸ਼ਰੀਜ ਖੇਤਰ ਤੋਂ ਵਿਦੇਸ਼ੀ ਮੁਦਰਾ ਕਮਾਈ (2019–20)– 46,663 ਕਰੋੜ (6,680 ਕਰੋੜ ਅਮਰੀਕੀ ਡਾਲਰ/ USD)
- ਫਿਸ਼ਰੀਜ ਖੇਤਰ ਦਾ ਭਾਰਤੀ ਆਰਥਿਕਤਾ ਵਿੱਚ ਹਿੱਸਾ(2018–19)– 2,12,915 ਕਰੋੜ
- ਕੁੱਲ ਨਿਰਯਾਤ ਵਿੱਚ ਝੀਂਗੇ ਦਾ ਹਿੱਸਾ –ਮੁੱਲ ਅਨੁਸਾਰ 73% ਅਤੇ ਮਾਤਰਾ ਅਨੁਸਾਰ 51%
- ਵਿਸ਼ਵ ਝੀਂਗਾ ਨਿਰਯਾਤ ਵਿੱਚ ਸਥਾਨ (2019–20) – ਪਹਿਲਾ (1st)
- ਮੁੱਲ ਅਨੁਸਾਰ ਚੋਟੀ ਦੇ 3 ਨਿਰਯਾਤੀ ਦੇਸ਼/ਖੇਤਰ (2019–20) –ਸੰਯੁਕਤ ਰਾਜ ਅਮਰੀਕਾ (USA), ਚੀਨ ਅਤੇ ਯੂਰੋਪੀ ਸੰਘ (EU)
- ਮਾਤਰਾ ਅਨੁਸਾਰ ਚੋਟੀ ਦੇ 3 ਨਿਰਯਾਤੀ ਦੇਸ਼/ਖੇਤਰ (2019–20) – ਚੀਨ,ਅਮਰੀਕਾ (USA) ਅਤੇ ਦੱਖਣ–ਪੂਰਬ ਏਸ਼ੀਆ (South East Asia)
- 2022–23 ਤੱਕ ਭਾਰਤ ਦਾ ਮੱਛੀ/ਜਲਜੀਵ ਉਤਪਾਦਨ ਟੀਚਾ– 200 ਲੱਖ ਟਨ













ਡਾ ਮੀਰਾ ਡੀ. ਆਂਸਲ

# ਮੱਛੀ ਪਾਲਣ : ਆਕਰਸ਼ਕ ਸਮਾਜਿਕ- ਆਰਥਿਕ ਲਾਭ



1. ਖੇਤੀਬਾੜੀ ਅਯੋਗ ਜਮੀਨਾਂ ਦੀ ਵਰਤੋਂ : ਘੱਟ ਉਪਜਾਊ ਅਤੇ ਖੇਤੀਬਾੜੀ ਅਯੋਗ (ਅਣ-ਉਪਜਾਊ) ਬੇਕਾਰ ਪਈਆਂ ਜਮੀਨਾਂ (ਹੜ੍ਹ ਸੰਵੇਦਨਸ਼ੀਲ ਨੀਵੇ, ਸੇਮ ਪ੍ਰਭਾਵਿਤ,ਖਾਰੇ ਇਲਾਕੇ ਆਦਿ) ਮੱਛੀ ਪਾਲਣ ਲਈ ਵਰਤ ਕੇ ਕਿਸਾਨ ਆਰਥਿਕ ਲਾਭ ਦੇ ਨਾਲ-ਨਾਲ ਵਾਧੂ ਮੱਛੀ ਪੈਦਾ ਕਰ ਸਕਦੇ ਹਨ - ਵਧ ਰਹੀ ਆਬਾਦੀ ਲਈ ਖੁਰਾਕ ਅਤੇ ਪੋਸ਼ਣ ਸੁਰੱਖਿਆ।
2. ਵਾਧੂ ਆਮਦਨ ਦਾ ਸਾਧਨ : ਲਾਭਕਾਰੀ ਸਵੈ-ਰੁਜ਼ਗਾਰ ਵਿਕਲਪ। ਇੱਕ ਏਕੜ ਤਲਾਅ ਚੋਂ 2.5 (ਕਾਰਪ ਮੱਛੀ) ਤੋਂ 7.5 (ਪੰਗਾਸ ਮੱਛੀ) ਟਨ ਮੱਛੀ ਪੈਦਾ ਕਰ ਕੇ 1,00,000/- ਤੋਂ 2,50,000/- ਰੁਪਏ ਦਾ ਸ਼ੁੱਧ ਮੁਨਾਫਾ ਕਮਾਇਆ ਜਾ ਸਕਦਾ ਹੈ। ਰਿਵਾਇਤੀ ਕਣਕ-ਝੋਨਾ ਫਸਲੀ ਚੱਕਰ ਦੇ ਮੁਕਾਬਲੇ ਜ਼ਿਆਦਾ ਲਾਭਕਾਰੀ।
3. ਮਹਿੰਗੇ ਉਪਕਰਣਾਂ ਦੀ ਲੋੜ ਨਹੀਂ : ਮੱਛੀ ਪਾਲਣ ਵਿੱਚ ਮਹਿੰਗੇ ਟਰੈਕਟਰ ਟਰਾਲੀ, ਕੰਮਬਾਈਨਾਂ ਜਾਂ ਹੋਰ ਵੱਡੇ ਉਪਕਰਣਾਂ ਅਤੇ ਸ਼ੈਡਾਂ ਦੀ ਲੋੜ ਨਹੀਂ ਪੈਂਦੀ- ਸੁਵਿਧਾਜਨਕ/ਅਸਾਨ ਕਰਜ਼ ਮੁਕਤ ਖੇਤੀ।
4. ਘੱਟ ਲੇਬਰ ਦੀ ਲੋੜ : ਇੱਕ ਤੋਂ 10 ਏਕੜ ਤੱਕ ਦਾ ਤਲਾਅ ਇੱਕ ਆਦਮੀ ਅਸਾਨੀ ਨਾਲ ਦੇਖ ਸਕਦਾ ਹੈ। ਲੇਬਰ ਨਿਰਭਰਤਾ ਦਾ ਅੜਿੱਕਾ ਨਹੀਂ
5. ਰੋਜ਼ਾਨਾ ਪੱਧਰ ਤੇ ਘੱਟ ਪ੍ਰਬੰਧਨ ਖੇਚਲ : ਮੱਛੀ (ਕਾਰਪ) ਪਾਲਣ ਵਿੱਚ ਰੋਜ਼ਾਨਾ ਪੱਧਰ ਤੇ ਪ੍ਰਬੰਧਨ ਖੇਚਲ (ਜਿਵੇਂ ਕਿ ਖੁਰਾਕ/ਪੱਠੇ ਪਾਉਣਾ, ਦੁੱਧ ਚੋਣਾ, ਅੰਡੇ ਇਕੱਠੇ ਕਰਨੇ, ਟੀਕਾਕਰਣ, ਪਸ਼ੂਆਂ/ਸ਼ੈਡਾਂ ਦੀ ਸਫਾਈ, ਰਹਿੰਦ-ਖੂੰਦ ਦਾ ਨਿਪਟਾਰਾ, ਮੀਟ ਦੀ ਕਟਾਈ, ਫੋ-ਢੁਆਈ, ਮੰਡੀਕਰਣ ਆਦਿ) ਘੱਟ/ਨਾ ਦੇ ਬਰਾਬਰ ਅਤੇ ਤਲਾਅ ਨੂੰ ਕੁੱਝ ਦਿਨਾਂ ਲਈ ਬਿਨ੍ਹਾਂ ਨੁਕਸਾਨ ਛੱਡਣਾ ਸੰਭਵ - ਪਰਿਵਾਰਿਕ-ਸਮਾਜਿਕ ਕੰਮਾਂ-ਕਾਜਾਂ/ਜ਼ਿੰਮੇਵਾਰੀਆਂ ਦਾ ਬਿਨਾਂ ਜਲਦਬਾਜ਼ੀ ਸਹਿਜਤਾ ਨਾਲ ਨਿਪਟਾਰਾ
6. ਹਾਨੀਕਾਰਕ ਕੀਟਨਾਸ਼ਕਾਂ ਅਤੇ ਰਸਾਇਣਾਂ ਦੀ ਬਹੁਤ ਘੱਟ/ਨਾ ਵਰਤੋਂ : ਮੱਛੀ ਪਾਲਣ ਵਿੱਚ ਹਾਨੀਕਾਰਕ ਕੀਟਨਾਸ਼ਕਾਂ ਅਤੇ ਰੋਗਾਣੂਨਾਸ਼ਕਾਂ (Antibiotics/ ਐਂਟੀਬਾਈਓਟਿਕਸ) ਦੀ ਵਰਤੋਂ ਨਾ ਦੇ ਬਰਾਬਰ ਹੈ। ਮਨੁੱਖੀ (ਕਿਸਾਨ ਅਤੇ ਖਪਤਕਾਰ) ਸਿਹਤ ਅਤੇ ਵਾਤਾਵਰਣ ਲਈ ਜ਼ਿਆਦਾ ਸੁਰੱਖਿਅਤ
7. ਜੈਵਿਕ ਰਹਿੰਦ-ਖੂੰਹਦ ਦਾ ਲਾਭਕਾਰੀ ਨਿਪਟਾਰਾ : ਪਸ਼ੂ ਪਾਲਣ ਕਿੱਤਿਆਂ ਤੋਂ ਪੈਦਾ ਹੋਣ ਵਾਲੀ ਰਹਿੰਦ-ਖੂੰਹਦ (ਮਲ ਮੂਤਰ), ਜਿਵੇਂ ਕਿ ਮੱਝਾਂ/ਗਾਵਾਂ ਦਾ ਗੋਹਾ, ਮੁਰਗੀਆਂ/ਬਤਖ਼ਾਂ ਦੀਆਂ ਬਿੱਠਾਂ, ਸੂਰਾਂ ਦਾ ਮਲ੍ਹ-ਮੂਤਰ, ਬੱਕਰੀਆਂ ਦੀਆਂ ਮੇਂਗਨਾਂ ਆਦਿ, ਨੂੰ ਮੱਛੀ ਤਲਾਅ ਵਿੱਚ ਖਾਦ/ਖੁਰਾਕ ਵਜੋਂ ਵਰਤਿਆ ਜਾ ਸਕਦਾ ਹੈ। ਉਤਪਾਦਨ ਲਾਗਤ ਵਿੱਚ ਬਚਤ (60-100%) ਅਤੇ ਵਾਤਾਵਰਣ ਪ੍ਰਦੂਸ਼ਣ ਘਟਾਉਣ ਵਿੱਚ ਮਦਦਗਾਰ
8. ਮੱਛੀ ਪਾਲਣ ਦਾ ਹੋਰ ਧੰਦਿਆਂ ਨਾਲ ਸੁਮੇਲ : ਮੱਛੀ ਪਾਲਣ ਹੀ ਇੱਕ ਅਜਿਹਾ ਕਿੱਤਾ ਹੈ, ਜਿਸ ਦਾ ਖੇਤੀਬਾੜੀ ਅਤੇ ਹੋਰ ਪਸ਼ੂ ਪਾਲਣ ਕਿੱਤਿਆਂ (ਡੇਅਰੀ ਪਾਲਣ, ਮੁਰਗੀ ਪਾਲਣ, ਬਤਖ਼ ਪਾਲਣ, ਸੂਰ ਪਾਲਣ ਆਦਿ) ਨਾਲ ਸੁਮੇਲ ਸੰਭਵ ਹੈ (ਫਾਰਮ ਰਹਿੰਦ-ਖੂੰਦ, ਸਰੋਤਾਂ ਅਤੇ ਖੇਤਰ ਦੀ ਸੁਚੱਜੀ ਵਰਤੋਂ) - ਖਰਚੇ 'ਚ ਬਹੁਤ, ਬਹੁ-ਫਸਲ ਉਤਪਾਦਨ, ਵਾਧੂ ਲਾਭ, ਵਧੀਕ ਰੁਜ਼ਗਾਰ ਸੁਰੱਖਿਆ
9. ਮੱਛੀ ਤਲਾਅ ਦੀ ਸਿੰਚਾਈ ਟੈਂਕ ਵਜੋਂ ਵਰਤੋਂ : ਤਲਾਅ ਦੇ ਪਾਣੀ ਨਾਲ ਖੇਤਾਂ ਦੀ ਸਿੰਚਾਈ ਕਰ ਕੇ ਖੇਤੀਬਾੜੀ ਵਿੱਚ ਰਸਾਇਣਕ ਖਾਦਾਂ ਦੇ ਖਰਚੇ ਨੂੰ 50-100% ਤੱਕ ਘਟਾਇਆ ਜਾ ਸਕਦਾ ਹੈ - ਤਲਾਅ ਦੀ ਪਾਣੀ ਸਟੋਰੇਜ ਟੈਂਕ ਵਜੋਂ ਅਤੇ ਮੱਛੀ ਪਾਲਣ ਲਈ ਦੋਹਰੀ ਉਪਯੋਗਤਾ ਦੁਆਰਾ ਪਾਣੀ ਦੀ ਵਚਤ/ਸੰਰੱਕਸ਼ਨ ਅਤੇ ਵਾਤਾਵਰਣ ਸੰਭਾਲ
10. ਬਹੁ-ਸਰੋਤਾਂ ਵਿੱਚ ਮੱਛੀ ਪਾਲਣ ਦੇ ਵਿਕਲਪ ਉਪਲੱਬਧ : ਯੋਗ ਤਕਨੀਕ ਦੇ ਸਹਿਯੋਗ ਨਾਲ ਪਾਣੀ ਦੇ ਵਭਿੰਨ ਸਰੋਤਾਂ (ਜਿਵੇਂਕਿ ਨਿਜੀ ਤਲਾਅ, ਪੰਚਾਇਤੀ ਛੱਪੜ, ਬਾਗਬਾਨੀ ਸਿੰਚਾਈ ਟੈਂਕ, ਝੀਲ, ਜਲ-ਭੰਡਾਰ/ਰੈਜ਼ਰਵਾਇਅਰ ਆਦਿ) ਵਿੱਚ ਮੱਛੀ ਪਾਲਣ ਰਾਹੀਂ ਦੋਹਰਾ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ - ਉਪਲੱਬਧ ਸਰੋਤਾਂ ਦੀ ਅਨੁਕੂਲਤ ਉਪਯੋਗਤਾ ਅਤੇ ਵਾਧੂ ਭੋਜਨ/ਪੋਸ਼ਣ/ਆਰਥਿਕ/ਰੁਜ਼ਗਾਰ ਸੁਰੱਖਿਆ
11. ਰੁਜ਼ਗਾਰ ਉਤਪਤੀ ਲਈ ਸੰਭਾਵੀ ਕਿੱਤਾ : ਮੱਛੀ ਪਾਲਣ ਸਿੱਧੇ ਪੱਧਰ ਤੇ ਸਵੈ-ਰੁਜ਼ਗਾਰ ਦੇਣ ਦੇ ਨਾਲ-ਨਾਲ, ਇਸ ਨਾਲ ਜੁੜੇ ਪਿਛਲੇ ਅਤੇ ਅਗਲੇ ਸਹਾਇਕ ਉਦਯੋਗਾਂ, ਜਿਵੇਂ ਕਿ ਮੱਛੀ ਬੱਚ ਉਤਪਾਦਨ (ਹੈਚਰੀਆਂ), ਮੱਛੀ ਖੁਰਾਕ ਉਤਪਾਦਨ (ਫੀਡ ਮਿੱਲਾਂ), ਜਲ, ਦਵਾਈਆਂ, ਖਾਦਾਂ, ਮੱਛੀ ਫੜਨਾ (ਹਾਰਵੈਸਟਿੰਗ), ਟ੍ਰਾਂਸਪੋਰਟ, ਮੰਡੀਕਰਣ, ਪ੍ਰੋਸੈਸਿੰਗ, ਨਿਰਯਾਤ ਆਦਿ, ਵਿੱਚ ਵੀ ਰੁਜ਼ਗਾਰ ਦੇ ਸੰਭਾਵੀ ਮੌਕੇ ਪੈਦਾ ਕਰਦਾ ਹੈ - ਸਮਾਜਿਕ - ਆਰਥਿਕ ਵਿਕਾਸ
12. ਸਵੈ-ਨਿਯਮਤ ਕਮਾਈ : ਮੰਡੀਕਰਨ ਦੀ ਕੋਏ ਸਮੱਸਿਆ ਨਹੀਂ, ਕਿਸਾਨ ਅਪਣੀ ਲੋੜ ਅਨੁਸਾਰ ਸਟਾਕ ਵੇਚ ਕੇ ਪੈਸੇ ਕਮਾ ਸਕਦਾ ਹੈ - ਫਸਲ ਪੱਕਣ ਤੱਕ ਇੰਤਜਾਰ ਅਤੇ ਰੋਜ਼ਾਨਾ ਪੱਧਰ ਤੇ ਮੰਡੀਕਰਣ ਦੀ ਮਜਬੂਰੀ ਨਹੀ



**ਮੱਛੀ ਖਾਓ ਸਿਹਤ ਬਣਾਓ, ਮੱਛੀ ਪਾਲਣ ਅਪਣਾਓ ਧੰਨ ਕਮਾਓ**

**ਪਾਣੀ ਇੱਕ ਕੀਮਤੀ ਸਰੋਤ ਹੈ, ਇਸ ਨੂੰ ਭਵਿੱਖ ਲਈ ਬਚਾਓ**

**ਜਿੱਥੇ ਵਾਧੂ ਪਾਣੀ ਉਪਲੱਬਧ ਹੋਵੇ, ਮੱਛੀ ਉੱਥੇ ਹੀ ਪਾਓ ....**

ਡਾ ਮੀਰਾ ਡੀ. ਆਂਸਲ

## ਸੂਰੀਆਂ ਵਿਚ ਗੱਭਣ ਨਾ ਰਹਿਣ ਦੇ ਮੁੱਖ ਕਾਰਨ

ਮੁਲਾਂਕਣ ਦੀ ਜ਼ਰੂਰਤ: ਜਦੋਂ ਬਹੁੱਤ ਘੱਟ ਸੂਰੀਆਂ ਬੱਚੇ ਪੈਦਾ ਕਰਦੀਆਂ ਹੋਣ।

ਭਰੂਣ ਦਾ ਨਾ ਬਨਣਾਂ (ਸੂਰੀਆਂ ਦਾ ਸਮਾਂਬੱਧ ਤਰੀਕੇ ਨਾਲ ਹੇਹੇ ਵਿਚ ਆਉਣਾ)

- ਸਾਂਭ-ਸੰਭਾਲ ਨਾਲ ਸਬੰਧਤ ਕਾਰਣ
  - ਇੱਕ ਹੇਹੇ ਦੌਰਾਨ ਕਿੰਨੀ ਵਾਰੀ ਆਸ ਕਰਵਾਇਆ ਜਾਂਦਾ ਹੈ?
  - ਹੇਹੇ ਦੌਰਾਨ ਕਿਸ ਸਮੇਂ ਆਸ ਕਰਵਾਇਆ ਜਾਂਦਾ ਹੈ?
- ਸੂਰੀ ਨਾਲ ਸਬੰਧਤ ਕਾਰਣ
  - ਬੱਚਿਆਂ ਨੂੰ ਦੁੱਧ ਚੁੰਘਾਉਣ ਦੀ ਅਵਿਧੀ
  - ਦੁੱਧ ਛਡਾਉਣ ਅਤੇ ਆਸ ਕਰਾਉਣ ਵਿਚ ਅੰਤਰਾਲ
  - ਸੂਰੀ ਦਾ ਕਿੰਨਵਾਂ ਸ਼ੂਆ ਹੈ?
  - ਆਸ ਕਰਵਾਉਣ ਵੇਲੇ ਸੂਰੀ ਦਾ ਸਰੀਰਕ ਤਾਪਮਾਨ
  - ਪ੍ਰਜਨਣ ਬਿਮਾਰੀਆਂ
- ਸੂਰ ਨਾਲ ਸਬੰਧਤ ਕਾਰਣ
  - ਉਮਰ
  - ਜਦ
  - ਬਿਮਾਰੀਆਂ
  - ਇੱਕ ਸੂਰ ਪ੍ਰਤਿ ਆਸ ਕਰਨ ਵਾਲੀਆਂ ਸੂਰੀਆਂ ਦੀ ਗਿਣਤੀ
  - ਆਸ ਕਰਵਾਉਣ ਵੇਲੇ ਸੂਰ ਦਾ ਸਰੀਰਕ ਤਾਪਮਾਨ

ਗਰਭ ਧਾਰਨ ਕਰਨ ਉਪਰੰਤ ਸਮੱਸਿਆਵਾਂ (ਸੂਰੀਆਂ ਦਾ ਵੱਖ ਵੱਖ ਸਮੇਂ 'ਤੇ ਹੇਹੇ ਵਿਚ ਆਉਣਾ)

- ਸੂਰੀ ਨਾਲ ਸਬੰਧਤ ਕਾਰਣ
  - ਸੂਰੀ ਦੇ ਸੂਏ ਦੀ ਗਿਣਤੀ
  - ਪ੍ਰਜਨਣ ਬਿਮਾਰੀਆਂ
  - ਦੂਸਰੀਆਂ ਬਿਮਾਰੀਆਂ
  - ਸਰੀਰਕ ਹਾਰਮੋਨਾਂ ਦੇ ਸੰਤੁਲਨ ਦਾ ਬਿਗੜਨਾ
  - ਬਾਹਰੀ ਹਾਰਮੋਨ
- ਖੁਰਾਕ
  - ਖੁਰਾਕੀ ਊਰਜਾ ਦਾ ਸਤਰ
  - ਖੁਰਾਕੀ ਖਣਿਜਾਂ ਦੀ ਮਾਤਰਾ
  - ਖੁਰਾਕ 'ਚ ਜਹਿਰਾਂ ਦੀ ਹੋਂਦ
- ਵਾਤਾਵਰਣ
  - ਤਾਪਮਾਨ (ਅੱਤ ਦੀ ਗਰਮੀ/ਕੜਾਕੇ ਦੀ ਠੰਡ)
  - ਸ਼ੈੱਡ ਵਿਚ ਆਰਾਮ ਦਾ ਸਤਰ
  - ਸ਼ੈੱਡ ਵਿਚ ਸੂਰੀਆਂ ਦਾ ਤੋਰਾ-ਫੇਰਾਢ

ਡਾ ਰਾਕੇਸ਼ ਸ਼ਰਮਾਂ


## ਚੇਨਈ ਸਥਿਤ ਚਿੜੀਆਘਰ ਵਿੱਚ ਦੋ ਸ਼ੇਰਾਂ ਦੀ ਕੋਰੋਨਾਂ-19 ਨਾਲ ਹੋਈ ਮੌਤ

ਭਾਰਤ ਵਿੱਚ ਕੋਰੋਨਾ ਦੀ ਦੂਜੀ ਲਹਿਰ ਵਿੱਚ ਜਾਨਵਰ ਵੀ ਪ੍ਰਭਾਵਿਤ ਹੋਣੇ ਸ਼ੁਰੂ ਹੋ ਹਏ ਹਨ।ਅਰਿਗਨਾਰ ਅੰਨਾ ਜੁਆਲੋਜੀ ਪਾਰਕ, ਵੰਡਾਲੂਰ ,ਸਥਿਤ ਚਿੜੀਆਘਰ ਵਿੱਚ ਜੂਨ ਮਹੀਨੇ ਵਿੱਚ ਦੋ ਸ਼ੇਰਾਂ ਦੀ ਕੋਰੋਨਾ-19 ਬਿਮਾਰੀ ਨਾਲ ਮੌਤ ਹੋ ਹਈ ਹੈ।ਇਹਨਾਂ ਵਿੱਚੋ ਇੱਕ 12 ਸਾਲਾਂ ਦਾ ਨਰ ਸ਼ੇਰ ਸੀ ਤੇ ਇੱਕ 9 ਸਾਲਾਂ ਦੀ ਸ਼ੇਰਨੀ ਸੀ। 19 ਅਤੇ 23 ਸਾਲਾਂ ਦੀਆਂ ਦੇ ਹੋਰ ਸ਼ੇਰਨੀਆਂ ਵੀ ਇਸ ਬਿਮਾਰੀ ਨਾਲ ਗ੍ਰਸਤ ਪਾਈਆਂ ਗਈਆਂ ਹਨ ਤੇ ਜ਼ੇਰੇ ਇਲਾਜ ਹਨ।ਚਿੜੀਅਘਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਹਰ ਸੰਭਵ ਇਤਿਆਦ ਵਰਤ ਰਹੇ ਹਨ ਤਾਂ ਕਿ ਬਾਕੀ ਸ਼ੇਰਾਂ ਤੇ ਹੋਰ ਜਾਨਵਰਾਂ ਨੂੰ ਇਹਨਾਂ ਤੋਂ ਬਚਾਉਣ ਦੀ ਹਰ ਸੰਭਵ ਕੋਸ਼ਿਸ ਕਰ ਰਹੇ ਹਨ।ਸ਼ੇਰਾਂ ਦੀ ਥਰਮਲ ਸਕੈਨਿੰਗ ਅਤੇ ਦਿੱਤੇ ਜਾਣ ਵਾਲੇ ਮੀਟ ਨੂੰ ਅਲਟਰਾ ਵਾਇਲਟ ਕਿਰਨਾਂ ਰਾਹੀ ਜਰਮ ਮੁਕਤ ਕੀਤਾ ਜਾ ਰਿਹਾ ਹੈ। ਕੋਰੋਨਾ ਵਾਈਰਸ ਪਸ਼ੂਆਂ ਦੀ ਰੋਗਾਂ ਨਾਲ ਲੜਣ ਵਾਲੀ ਸ਼ਕਤੀ ਨੂੰ ਵੀ ਪ੍ਰਭਾਵਿਤ ਕਰਦਾ ਹੈ ਜਿਸ ਕਰਕੇ ਪ੍ਰਭਾਵਿਤ ਪਸ਼ੂ ਹੋਰ ਬਿਮਾਰੀਆਂ ਦੀ ਚਪੇਟ ਵਿੱਚ ਆ ਜਾਂਦੇ ਹਨ।

## ਜਾਨਵਰਾਂ ਨੂੰ ਕੋਰੋਨਾਂ-19 ਤੋਂ ਬਚਾਉਣ ਲਈ ਰੂਸ ਨੇ ਬਣਾਈ ਸੰਸਾਰ ਦੀ ਪਹਿਲੀ ਵੈਕਸਿਨ

ਰੂਸ ਨੇ ਪਾਲਤੂ ਜਾਨਵਰਾਂ (ਕੁੱਤਿਆ, ਬਿੱਲੀਆਂ ਆਦਿ) ਨੂੰ ਕੋਵਿਡ-19 ਦੇ ਪ੍ਰਕੋਪ ਤੋਂ ਬਚਾਉਣ ਲਈ ਸੰਸਾਰ ਦੀ ਪਹਿਲੀ ਵੈਕਸਿਨ ਬਣਾ ਲਈ ਹੈ। ਕਾਰਨੀਵੈਕ-ਕੋਵ ਵੈਕਸਿਨ ( Carnivac-cov vaccine) ਨਾਂ ਦੀ ਇਸ ਵੈਕਸਿਨ ਦਾ ਪਹਿਲਾ ਲਾਟ ਤਿਆਰ ਹੋ ਗਿਆ ਹੈ।ਵਰਨਣਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਵੱਖ ਵੱਖ ਮੁਲਕਾਂ ਵਿੱਚ ਕੁੱਤਿਆਂ, ਬਿੱਲੀਆਂ , ਸ਼ੇਰਾਂ ਆਦਿ ਜਾਨਵਰਾਂ ਵਿੱਚ ਕੋਰੋਨਾਂ-19 ਬਿਮਾਰੀ ਹੋਣ ਦੀਆਂ ਰਿਪੋਰਟ ਸਾਹਮਣੇ ਆ ਰਹੀਆਂ ਸਨ ਤੇ ਨਾਲ ਇਹ ਵੀ ਗੱਲ ਆ ਰਹੀ ਸੀ ਕਿ ਇਹਨਾਂ ਨੂੰ ਇਹ ਬਿਮਾਰੀ ਇਹਨਾਂ ਦੀ ਦੇਖਭਾਲ ਕਰਨ ਵਾਲੇ ਤੋਂ ਲੱਗੀ ਸੀ।ਸੋ ਇਹ ਜਰੂਰੀ ਹੋ ਜਾਂਦਾਂ ਹੈ ਕਿ ਮਨੁੱਖਾਂ ਦੇ ਨਾਲ - ਨਾਲ ਇਹਨਾਂ ਜਾਨਵਰਾਂ ਲਈ ਵੀ ਵੈਕਸਿਨ ਹੋਵੇ। ਸ਼ੁਰੂਆਤੀ ਖੋਜ ਵਿੱਚ ਇਸ ਵੈਕਸਿਨ ਦਾ ਕੁੱਤਿਆ, ਬਿੱਲੀਆਂ, ਲੂੰਮੜੀਆਂ ਆਦਿ ਤੇ ਵਧੀਆ ਪ੍ਰਭਾਵ ਰਿਹਾ ਹੈ। ਰੂਸ ਦੇ ਬਹੁਤ ਸਾਰੇ ਹਿੱਸਿਆਂ ਵਿੱਚਇਹ ਵੈਕਸਿਨ ਜਾਨਵਰਾਂ ਨੂੰ ਲੱਗਣਾ ਸੁਰੂ ਹੋ ਚੁੱਕੀ ਹੈ।

# ਲੇਵੇ ਦੀ ਸੋਜ ਦੀ ਤੀਬਰਤਾ ਤੇ ਅਸਰ ਪਾਉਣ ਵਾਲੇ ਪਹਿਲੂ




(ਡਾ ਰਾਕੇਸ਼ ਸਰਮਾਂ)

# ਨਿਊਜੀਲੈਂਡ ਤੇ ਗਾਂਵਾਂ

ਨਿਊਜੀਲੈਂਡ ਮੁਲਕ ਆਪਣੀ ਸੁੰਦਰਤਾਂ ਤੇ ਵਤਾਵਰਣ ਪ੍ਰਤੀ ਸੁਹਿਰਦਤਾ ਕਰਕੇ ਜਾਣਿਆ ਜਾਂਦਾ ਹੈ। ਇਥੋਂ ਦੇ ਲੋਕ ਵਾਤਾਵਰਣ ਨੂੰ ਸੰਭਾਲਣ ਦਾ ਹਰ ਸੰਭਵ ਉਪਰਾਲਾ ਕਰ ਰਹੇ ਨੇ।ਇਸ ਮੁਲਕ ਵਿੱਚ ਲੋਕਾਂ ਨਾਲੋਂ ਜਿਆਦਾ ਗਾਂਵਾਂ ਹਨ।ਇਹ ਕਿਹਾ ਜਾਂਦਾ ਹੈ ਕਿ ਪਸ਼ੂਆਂ ਤੋਂ ਨਿਕਲਣ ਵਾਲੀਆਂ ਗੈਸਾ ਵਾਤਾਵਰਣ ਵਿਚਲੀ ਤਪਸ਼ ਨੂੰ ਵਧਾਉਦੀਆਂ ਹਨ। ਇਸ ਕਰਕੇ ਨਿਊਜੀਲੈਂਡ ਆਪਣੇ ਮੁਲਕ ਦੀਆਂ ਗਾਂਵਾਂ ਤੋਂ ਨਿਕਲਣ ਵਾਲੀਆਂ ਗਰਮ ਹਵਾਵਾਂ ਨੂੰ ਮਾਪਣ ਲਈ ਇੱਕ ਉਪਗ੍ਰਹਿ ਛੱਡ ਰਿਹਾ ਹੈ। ਇਸ ਦੇ ਨਾਲ ਨਾਲ ਇਹ ਮੁਲਕ ਗਾਂਵਾਂ ਦੀ ਗਿਣਤੀ ਘੱਟ ਕਰਨ ਬਾਰੇ ਵੀ ਵਿੱਚਾਰ ਕਰ ਰਿਹਾ ਹੈ।

ਨੋਟ ਇਸ ਪੱਤਰ ਵਿਚਲੇ ਲੇਖਾਂ ਵਿੱਚ ਦਿੱਤੀ ਗਈ ਜਾਣਕਾਰੀ ਲੇਖਕਾਂ ਦੀ ਆਪਣੇ ਤਜ਼ਰਬੇ ਤੇ ਅਧਾਰਿਤ ਹੈ ਇਸ ਲਈ ਸੰਪਾਦਕੀ ਬੋਰਡ ਜਿੰਮੇਵਾਰ ਨਹੀਂ ਹੋਵੇਗਾ।